# ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ - ਏਨਗੇਜਮੈਂਟ ਵੈੱਬਸਾਈਟ ਸਮੱਗਰੀ

## ਇਹ ਸ਼ਮੂਲੀਅਤ (ਏਨਗੇਜਮੈਂਟ) ਕਿਸ ਬਾਰੇ ਹੈ?

ਬੀ.ਸੀ. 10 ਟ੍ਰੇਡਾਂ ਨਾਲ ਸ਼ੁਰੂਆਤ ਕਰਕੇ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ (Skilled Trades Certification) ਦੀ ਸ਼ੁਰੂਆਤ ਕਰ ਰਿਹਾ ਹੈ। ਇਸਦਾ ਮਤਲਬ ਹੈ ਕਿ ਇੰਨ੍ਹਾਂ ਟ੍ਰੇਡਾਂ ਵਿੱਚ ਕੰਮ ਕਰਨ ਲਈ ਲੋਕਾਂ ਦਾ ਪ੍ਰਮਾਣਿਤ (certified) ਜਰਨੀਪਰਸਨ ਜਾਂ ਰਜਿਸਟਰਡ ਸਿਖਾਂਦਰੂ (apprentice) ਹੋਣਾ ਲਾਜ਼ਮੀ ਹੈ।

ਅਸੀਂ ਇਸ ਬਾਰੇ ਫੀਡਬੈਕ ਮੰਗ ਰਹੇ ਹਾਂ ਕਿ ਕਾਮਿਆਂ ਅਤੇ ਰੋਜ਼ਗਾਰਦਾਤਾਵਾਂ ਦੀ ਇਸ ਤਬਦੀਲੀ ਵਿੱਚੋਂ ਸਹਾਇਤਾ ਕਿਵੇਂ ਕੀਤੀ ਜਾਵੇ।

**ਸ਼ਮੂਲੀਅਤ ਟਾਈਮਲਾਈਨ** 11 ਜੂਨ ਤੋਂ ਫੌਲ 2021 ਦੀ ਸ਼ੁਰੂਆਤ ਤੱਕ

## ਭਾਗ ਕਿਵੇਂ ਲੈਣਾ ਹੈ

<u>ਔਨਲਾਈਨ ਸਰਵੇਖਣ</u>

ਸਾਰੇ ਬੀ.ਸੀ. ਨਿਵਾਸੀ ਔਨਲਾਈਨ ਸਰਵੇਖਣ ਪੂਰਾ ਕਰ ਸਕਦੇ ਹਨ। ਅਸੀਂ ਉਨ੍ਹਾਂ ਮੌਕਿਆਂ ਅਤੇ ਚੁਣੌਤੀਆਂ ਬਾਰੇ ਦ੍ਰਿਸ਼ਟੀਕੋਣਾਂ ਦੀ ਮੰਗ ਕਰ ਰਹੇ ਹਾਂ ਜੋ ਸਕਿਲਡ ਟ੍ਰੇਡਜ਼ ਦੀ ਸਰਟੀਫਿਕੇਸ਼ਨ ਵਿਅਕਤੀਆਂ ਅਤੇ ਰੋਜ਼ਗਾਰਦਾਤਾਵਾਂ ਲਈ ਲਿਆ ਸਕਦੀ ਹੈ।

ਸਰਵੇਖਣ ਦੀ ਅਨੁਵਾਦ ਕੀਤੀ ਹੋਈ ਕਾਪੀ engage.gov.bc.ca/skilledtrades ਤੇ ਡਾਊਨਲੋਡ ਕਰਨ ਲਈ ਉਪਲਬਧ ਹੈ।

<u>ਕਮਿਊਨਿਟੀ ਸੰਵਾਦ ਅਤੇ ਰਾਊਂਡਟੇਬਲ</u>

ਅਸੀਂ ਸਾਰੇ ਸੂਬੇ ਵਿੱਚੋਂ ਲੋਕਾਂ ਕੋਲੋਂ ਵਿਵਿਧ ਦ੍ਰਿਸ਼ਟੀਕੋਣ ਸੁਣਨਾ ਚਾਹੁੰਦੇ ਹਾਂ। ਗੱਲਬਾਤ ਨੂੰ ਫੋਕਸ ਕਰਨ ਵਿੱਚ ਸਹਾਇਤਾ ਲਈ ਇਹ ਸੈਸ਼ਨ ਸਥਾਨ, ਸੈਕਟਰ, ਅਤੇ ਜਨਅੰਕੜਿਆਂ ਦੁਆਰਾ ਗਰੁੱਪ ਕੀਤੇ ਜਾਣਗੇ। ਕਿਰਪਾ ਕਰਕੇ ਨੋਟ ਕਰੋ ਕਿ ਜਗ੍ਹਾ ਸੀਮਿਤ ਹੈ ਇਸ ਕਰਕੇ ਰਜਿਸਟਰ ਕਰਨ ਵਾਲੇ ਹਰੇਕ ਵਿਅਕਤੀ ਨੂੰ ਭਾਗ ਲੈਣ ਲਈ ਸੱਦਾ ਨਹੀਂ ਦਿੱਤਾ ਜਾਵੇਗਾ।

ਜੇ ਤੁਸੀਂ ਰਾਊਂਡਟੇਬਲ ਭਾਗੀਦਾਰ ਹੋਣ ਲਈ ਰਜਿਸਟਰ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ, engage.gov.bc.ca/skilledtrades ਤੇ ਰਜਿਸਟਰ ਕਰੋ।

## ਅਗਲੇ ਕਦਮ

ਔਨਲਾਈਨ ਸਰਵੇਖਣ ਅਤੇ ਲਾਈਵ ਸੈਸ਼ਨਾਂ ਤੋਂ ਫੀਡਬੈਕ ਸਰਕਾਰ ਨੂੰ ਇੰਨ੍ਹਾਂ 10 ਟ੍ਰੇਡਾਂ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਤੱਕ ਸਫਲਤਾਪੂਰਕ ਤਬਦੀਲੀ ਕਰਨ ਵਿੱਚ ਸਹਾਇਤਾ ਕਰਨ ਲਈ ਸਹੀ ਸਮਰਥਨਾਂ ਅਤੇ ਸੇਵਾਵਾਂ ਨੂੰ ਰੂਪ ਦੇਣ ਵਿੱਚ ਮਦਦ ਕਰੇਗੀ। ਜਨਤਕ ਸ਼ਮੂਲੀਅਤ ਸੈਸ਼ਨਾਂ ਤੋਂ ਬਾਅਦ ਸਾਰੀ ਫੀਡਬੈਕ ਦਾ ਸਾਰ ਇਸ ਵੈੱਬਸਾਈਟ ਤੇ ਉਪਲਬਧ ਹੋਵੇਗਾ।

## ਪ੍ਰਾਜੈਕਟ ਲੀਡਰਸ਼ਿਪ

**ਐਂਡਰੂ ਮਰਸੀਏ:** ਪਾਰਲੀਮੈਂਟਰੀ ਸੈਕਟਰੀ ਫੌਰ ਸਕਿਲਜ਼ ਟ੍ਰੇਨਿੰਗ
**ਸ਼ੈਲੀ ਗ੍ਰੇ:** ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ ਸੀਈਓ

## ਸ਼ਮੂਲੀਅਤ ਟਾਈਮਲਾਈਨ

- ਸ਼ਮੂਲੀਅਤ ਲੌਂਚ – 11 ਜੂਨ, 2021
- ਕਮਿਊਨਿਟੀ ਸੰਵਾਦ ਅਤੇ ਰਾਉਂਡਟੇਬਲ - ਜੂਨ ਤੋਂ ਜੁਲਾਈ 2021

  ਜੂਨ 2021 ਤੋਂ ਸ਼ੁਰੂਆਤ ਕਰਕੇ ਇਸ ਵਿਸ਼ੇ ਦੇ ਬਾਰੇ ਕਮਿਊਨਿਟੀ ਮੀਟਿੰਗਾਂ ਅਤੇ ਵਿਆਪਕ ਰਾਉਂਡਟੇਬਲ ਚਰਚਾਵਾਂ ਹੋਣਗੀਆਂ।
- ਸ਼ਮੂਲੀਅਤ ਬੰਦ - ਫੌਲ 2021

  ਔਨਲਾਈਨ ਸਰਵੇਖਣ 17 ਸਤੰਬਰ, 2021 ਨੂੰ ਸ਼ਾਮ 4 ਵਜੇ PT ਨੂੰ ਬੰਦ ਹੋਵੇਗਾ
- ਅੰਤਿਮ ਰਿਪੋਰਟ ਅਤੇ ਸਿਫਾਰਸ਼ਾਂ - ਫੌਲ 2021

  ਜਨਤਕ ਸ਼ਮੂਲੀਅਤ ਸੈਸ਼ਨਾਂ ਤੋਂ ਬਾਅਦ ਸਾਰੀ ਫੀਡਬੈਕ ਦਾ ਸਾਰ ਇਸ ਵੈੱਬਸਾਈਟ ਤੇ ਉਪਲਬਧ ਹੋਵੇਗਾ।

# ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਬਾਰੇ

ਟ੍ਰੇਡ ਬੀ.ਸੀ. ਵਿੱਚ ਮਜ਼ਬੂਤ ਅਰਥ ਵਿਵਸਥਾ ਲਈ ਬੁਨਿਆਦੀ ਹਨ। ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਤੇਜ਼ੀ ਨਾਲ ਵਿਕਸਤ ਹੋ ਰਹੀ ਅਰਥ ਵਿਵਸਥਾ ਦੀਆਂ ਲੇਬਰ ਸੰਬੰਧੀ ਮੰਗਾਂ ਨੂੰ ਪੂਰਾ ਕਰਨ ਲਈ ਸਾਡੇ ਟ੍ਰੇਡਜ਼ ਸਿਖਲਾਈ ਸਿਸਟਮ ਨੂੰ ਸੁਧਾਰਨ ਵਿੱਚ ਸਾਡੀ ਸਹਾਇਤਾ ਕਰੇਗੀ।

ਬੀ.ਸੀ. ਵਿੱਚ 2003 ਤੋਂ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਦੀ ਲੋੜ ਨਹੀਂ ਰਹੀ ਹੈ - ਅਤੇ ਅਸੀਂ ਕੇਨੈਡਾ ਵਿੱਚ ਇਕੱਲਾ ਸੂਬਾ ਹਾਂ ਜਿਥੇ ਕੁਝ ਟ੍ਰੇਡਾਂ ਲਈ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਦੀ ਲੋੜ ਨਹੀਂ ਹੈ। ਇਸਦਾ ਮਤਲਬ ਹੈ ਕਿ ਮੌਜੂਦਾ ਸਮੇਂ ਤੇ ਸਾਰੇ ਸੂਬੇ ਵਿੱਚ ਉਨ੍ਹਾਂ ਦੇ ਗਿਆਨ ਜਾਂ ਹੁਨਰਾਂ ਦੇ ਸਤਰਾਂ ਦੀ ਰਸਮੀ ਮਾਨਤਾ ਤੋਂ ਬਿਨਾਂ ਹਜ਼ਾਰਾਂ ਟ੍ਰੇਡ ਵਰਕਰ ਹਨ।

ਇੰਨ੍ਹਾਂ ਅਪ੍ਰਮਾਣਿਤ (uncertified) ਕਾਮਿਆਂ ਨੂੰ ਅਕਸਰ ਘੱਟ ਭੁਗਤਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਰੁਜ਼ਗਾਰ ਦੀ ਸਥਿਰਤਾ ਅਤੇ ਗਤੀਸ਼ੀਲਤਾ ਘੱਟ ਹੁੰਦੀ ਹੈ - ਜੋ ਕਿ ਲੇਬਰ ਮਾਰਕਿਟ ਵਿੱਚ ਅਜਿਹੇ ਵਿਘਨਾਂ ਵਿੱਚ ਖਾਸ ਕਰਕੇ ਚੁਣੌਤੀਪੂਰਨ ਹੈ ਜਿਵੇਂ ਕਿ ਬੀ.ਸੀ. ਕੋਵਿਡ-19 ਰਿਕਵਰੀ ਦੇ ਨਾਲ ਹੁਣ ਅਨੁਭਵ ਕਰ ਰਿਹਾ ਹੈ।

ਟ੍ਰੇਡ ਵਰਕਰ ਦੇ ਪ੍ਰਮਾਣਿਤ ਜਰਨੀਪਰਸਨ ਜਾਂ ਰਜਿਸਟਰਡ ਸਿਖਾਂਦਰੂ ਹੋਣ ਦੀ ਲੋੜ ਹੋਣ ਨਾਲ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਇੰਨ੍ਹਾਂ ਤੱਕ ਰਾਹ ਮੁਹੱਈਆ ਕਰਦੀ ਹੈ:

- ਮਹੱਤਵਪੂਰਨ ਢੰਗ ਨਾਲ ਬੀ.ਸੀ. ਦੇ ਟ੍ਰੇਡਜ਼ ਕਾਰਜਬਲ ਦੇ ਹੁਨਰਾਂ ਦਾ ਸਤਰ ਵਧਾਉਣਾ।
- ਯਕੀਨੀ ਬਣਾਉਣਾ ਕਿ ਸਾਡੇ ਕੋਲ ਸਾਡੀ ਭਵਿੱਖ ਦੀ ਅਰਥ ਵਿਵਸਥਾ ਦੀਆਂ ਮੰਗਾਂ ਪੂਰੀਆਂ ਕਰਨ ਲਈ ਕਾਫੀ ਸਕਿਲਡ ਟ੍ਰੇਡਜ਼ ਵਰਕਰ ਹਨ।

- ਹੋਰ ਜ਼ਿਆਦਾ ਟ੍ਰੇਡਜ਼ ਵਰਕਰਾਂ ਨੂੰ ਪੋਸਟ-ਸੈਕੰਡਰੀ ਸਿਖਲਾਈ ਅਤੇ ਸਰਟੀਫਿਕੇਸ਼ਨ ਤੋਂ ਲਾਭ ਪ੍ਰਾਪਤ ਕਰਨ ਲਈ ਮੌਕੇ ਮੁਹਈਆ ਕਰਨਾ ਜਿੰਨ੍ਹਾਂ ਦਾ ਨਤੀਜਾ ਬਿਹਤਰ ਨੌਕਰੀਆਂ, ਵੱਧ ਤਨਖਾਹਾਂ ਅਤੇ ਜੀਵਨ ਭਰ ਲਈ ਕਰੀਅਰ ਹੋਣਗੇ।

## ਚੁਣੇ ਗਏ ਟ੍ਰੇਡ

ਬੀ.ਸੀ. ਸਰਕਾਰ ਕੁਲ 10 ਟ੍ਰੇਡਾਂ ਨਾਲ ਸ਼ੁਰੂਆਤ ਕਰਕੇ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਸ਼ੁਰੂ ਕਰ ਰਹੀ ਹੈ: ਤਿੰਨ ਇਲੈਕਟ੍ਰੀਕਲ, ਚਾਰ ਮਕੈਨੀਕਲ ਅਤੇ ਚਾਰ ਆਟੋਮੋਟਿਵ ਟ੍ਰੇਡ। ਇਹ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਨੂੰ ਕਿਵੇਂ ਲਾਗੂ ਕੀਤਾ ਜਾਵੇ ਨੂੰ ਨਿਰਧਾਰਤ ਕਰਨ ਲਈ ਜਨਤਕ ਸ਼ਮੂਲੀਅਤ ਪ੍ਰਕਿਰਿਆ ਤੋਂ ਬਾਅਦ ਪੜਾਵਾਂ ਵਿੱਚ ਕੀਤਾ ਜਾਵੇਗਾ।

ਇਹ 10 ਟ੍ਰੇਡਾਂ ਨੂੰ ਉਦਯੋਗਿਕ ਅਸੋਸੀਏਸ਼ਨਾਂ, ਲੇਬਰ, ਪੋਸਟ-ਸੈਕੰਡਰੀ ਸੰਸਥਾਵਾਂ, ਇੰਡਿਜਨਸ ਸਕਿਲ ਟ੍ਰੇਨਰਾਂ ਅਤੇ ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ ਦੀ ਨੁਮਾਇੰਦਗੀ ਕਰਦੀ ਹੋਈ 16-ਮੈਂਬਰੀ ਸਟੇਕਹੋਲਡਰ ਅਡਵਾਈਜ਼ਰੀ ਗਰੁੱਪ ਤੋਂ ਸਿਫਾਰਸ਼ਾਂ ਦੇ ਅਧਾਰ ਤੇ ਚੁਣਿਆ ਗਿਆ ਸੀ।

ਇਸ ਚੋਣ ਪ੍ਰਕਿਰਿਆ ਅਤੇ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਨੂੰ ਲਾਗੂ ਕਰਨ ਲਈ ਮੂਲ ਕਾਰਨ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਬਿਜ਼ਨਸ ਕੇਸ ਵਿੱਚ ਦੇਖਿਆ ਜਾ ਸਕਦਾ ਹੈ।

**ਇਲੈਕਟ੍ਰੀਕਲ ਟ੍ਰੇਡਜ਼**

1. ਇਲੈਕਟ੍ਰੀਸ਼ੀਅਨ (ਕੰਸਟ੍ਰਕਸ਼ਨ)
2. ਇੰਡਸਟ੍ਰੀਅਲ ਇਲੈਕਟ੍ਰੀਸ਼ੀਅਨ
3. ਪਾਵਰਲਾਈਨ ਟੈਕਨੀਸ਼ੀਅਨ

**ਮਕੈਨੀਕਲ ਟ੍ਰੇਡਜ਼**

4. ਰੇਫ੍ਰਿਜਰੇਸ਼ਨ ਅਤੇ ਏਅਰ ਕੰਡੀਸ਼ਨਿੰਗ ਮਕੈਨਿਕ
5. ਗੈਸਫਿਟਰ ਏ ਅਤੇ ਬੀ
6. ਸਟੀਮਫਿਟਰ/ਪਾਈਪਫਿਟਰ
7. ਸ਼ੀਟ ਮੈਟਲ ਵਰਕਰ

**ਆਟੋਮੋਟਿਵ ਟ੍ਰੇਡਜ਼**

8. ਹੈਵੀ ਡਿਊਟੀ ਏਕਵਿਪਮੈਂਟ ਟੈਕਨੀਸ਼ੀਅਨ
9. ਆਟੋਮੋਟਿਵ ਸਰਵਿਸ ਟੈਕਨੀਸ਼ੀਅਨ
10. ਮੋਟਰ ਵੀਹਕਲ ਬਾਡੀ ਰਿਪੇਅਰਰ

ਸਿਖਾਂਦਰੂਆਂ ਲਈ ਨਿਗਰਾਨੀ ਦੀਆਂ ਉੱਚ ਮਿਆਰਾਂ, ਸੁਰੱਖਿਆ ਅਤੇ ਗੁਣਵੱਤਾ ਵਾਲੀ ਸਿਖਲਾਈ ਨੂੰ ਯਕੀਨੀ ਬਣਾਉਣ ਲਈ, ਸਰਕਾਰ ਇੰਨ੍ਹਾਂ 10 ਟ੍ਰੇਡਾਂ ਲਈ ਜਰਨੀਪਰਸਨ ਤੋਂ ਸਿਖਾਂਦਰੂ ਅਨੁਪਾਤਾਂ ਦੀ ਸ਼ੁਰੂਆਤ ਵੀ ਕਰੇਗੀ। ਇਹ ਅਨੁਪਾਤ ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ ਦੀ ਅਗਵਾਈ ਹੇਠ, ਕਾਮਿਆਂ, ਰੋਜ਼ਗਾਰਦਾਤਾਵਾਂ ਅਤੇ ਦੂਸਰੇ ਉਯੋਗਿਕ ਹਿੱਸੇਦਾਰਾਂ ਦੇ ਨਾਲ ਹੋਰ ਮਸ਼ਵਰਿਆਂ ਦੇ ਅਧਾਰ ਤੇ ਤੈਅ ਕੀਤੇ ਜਾਣਗੇ। ਇਹ ਸਾਰਿਆਂ ਲਈ ਇੱਕੋ ਢੰਗ ਨਾਲ ਕੰਮ ਕਰਨ ਵਾਲਾ ਫੈਸਲਾ ਨਹੀਂ ਹੈ, ਅਤੇ ਹਰੇਕ ਟ੍ਰੇਡ ਨੂੰ ਵੱਖਰਾ ਵੱਖਰਾ ਦੇਖਿਆ ਜਾਵੇਗਾ।

## ਕਾਮਿਆਂ ਅਤੇ ਰੋਜ਼ਗਾਰਦਾਤਾਵਾਂ ਲਈ ਇਸਦਾ ਕੀ ਮਤਲਬ ਹੈ

ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਦਾ ਮਤਲਬ ਹੈ ਕਿ ਚੁਣੇ ਗਏ ਟ੍ਰੇਡਾਂ ਵਿੱਚ ਅਪ੍ਰਮਾਣਿਤ ਕਾਮਿਆਂ ਨੂੰ ਕਾਨੂੰਨੀ ਢੰਗ ਨਾਲ ਉਸ ਟ੍ਰੇਡ ਵਿੱਚ ਕੰਮ ਕਰਨ ਲਈ ਪ੍ਰਮਾਣਿਤ ਹੋਣ ਜਾਂ ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ (ITA) ਦੇ ਨਾਲ ਸਿਖਾਂਦਰੂ ਦੀ ਤਰ੍ਹਾਂ ਰਜਿਸਟਰ ਹੋਣ ਦੀ ਲੋੜ ਹੋਵੇਗੀ। ਟ੍ਰੇਡ ਦੇ ਅਧਿਕਾਰਿਕ ਤੌਰ ਤੇ ਸਰਟੀਫੀਕੇਸ਼ਨ ਦੀ ਲੋੜ ਹੋਣ ਦੇ ਬਾਅਦ, ਅਪ੍ਰਮਾਣਿਤ ਕਾਮਿਆਂ ਕੋਲ ਇੱਕ ਸਾਲ ਹੋਵੇਗਾ ਇਸ ਤੋਂ ਪਹਿਲਾਂ ਕਿ ਉਨ੍ਹਾਂ ਲਈ ਸਿਖਾਂਦਰੂ ਦੀ ਤਰ੍ਹਾਂ ਰਜਿਸਟਰ ਹੋਣਾ ਜਾਂ ਜਰਨੀਪਰਸਨ ਬਣਨ ਲਈ ਸਰਟੀਫੀਕੇਸ਼ਨ ਇਮਤਿਹਾਨ ਨੂੰ ਚੁਣੌਤੀ ਦੇਣਾ ਲਾਜ਼ਮੀ ਹੋਵੇਗਾ।

ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਕੋਈ ਨਵਾਂ ਜਾਂ ਏਵਜੀ ਕ੍ਰੀਡੈਂਸ਼ੀਅਲ ਨਹੀਂ ਹੈ। ਜੇ ਤੁਸੀਂ ਪਹਿਲਾਂ ਇੱਕ ਪ੍ਰਮਾਣਿਤ (certified) ਜਰਨੀਪਰਸਨ (ਰੇਡ ਸੀਲ ਸਮੇਤ) ਜਾਂ ਇੱਕ ਰਜਿਸਟਰਡ ਸਿਖਾਂਦਰੂ (apprentices) ਹੋ, ਤਾਂ ਕੁਝ ਨਹੀਂ ਬਦਲੇਗਾ - ਉਹ ਪਹਿਲਾਂ ਹੀ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਦਾ ਅਨੁਸਰਨ ਕਰਦੇ ਹਨ।

ਟ੍ਰੇਡ ਵਰਕਰਾਂ ਅਤੇ ਰੋਜ਼ਗਾਰਦਾਤਾਵਾਂ ਕੋਲ ਇਸ ਤਬਦੀਲੀ ਦੇ ਦੌਰਾਨ ਲੋੜੀਂਦੇ ਸਹਾਰਿਆਂ ਨੂੰ ਸੂਚਿਤ ਕਰਨ ਵਿੱਚ ਸਹਾਇਤਾ ਕਰਨ ਦਾ ਮੌਕਾ ਹੋਵੇਗਾ, ਇਹ ਯਕੀਨੀ ਬਣਾਉਂਦੇ ਹੋਏ ਕਿ ਅਸੀਂ ਇੰਨ੍ਹਾਂ ਟ੍ਰੇਡਾਂ ਵਿੱਚ ਕੰਮ ਕਰਨ ਵਾਲੇ ਵਿਵਿਧ ਸਮੂਹਾਂ ਦੇ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿੱਚ ਰੱਖਿਆ ਹੈ। ਜਨਤਕ ਸ਼ਮੂਲੀਅਤ ਪ੍ਰਕਿਰਿਆ ਤੋਂ ਬਾਅਦ, ਇੱਕ ਸਾਲ ਦੀ ਤਬਦੀਲੀ ਦੀ ਮਿਆਦ ਹੋਵੇਗੀ ਜਿਥੇ ਕਾਮਿਆਂ ਅਤੇ ਰੋਜ਼ਗਾਰਦਾਤਾਵਾਂ ਕੋਲ ਉਨ੍ਹਾਂ ਨੂੰ ਸਫਲਤਾਪੂਰਕ ਅਨੁਸਰਨ ਵਿੱਚ ਮਦਦ ਕਰਨ ਲਈ ਸਹਾਇਤਾਵਾਂ, ਸੇਵਾਵਾਂ ਅਤੇ ਮੌਕਿਆਂ ਦੀ ਵਿਆਪਕ ਰੇਂਜ ਤੱਕ ਪਹੁੰਚ ਪ੍ਰਾਪਤ ਹੋਵੇਗੀ। ਇਸ ਵਿੱਚ ITA ਕੋਲੋਂ ਸਮਰਥਨ ਸ਼ਾਮਲ ਹਨ ਜਿਹੜੀ ਸਿਖਾਂਦਰੂਆਂ ਨੂੰ ਟ੍ਰੇਡ ਸੰਬੰਧੀ ਸਿਖਲਾਈ ਵਿੱਚ ਦਾਖਲ ਹੋਣ ਅਤੇ/ਜਾਂ ਸਰਟੀਫਿਕੇਸ਼ਨ ਪ੍ਰਾਪਤ ਕਰਨ ਲਈ ਅਨੇਕ ਰਸਤੇ ਪੇਸ਼ ਕਰਦੀ ਹੈ।

## ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਦੇ ਕੀ ਲਾਭ ਹਨ?

- **ਟ੍ਰੇਡ ਸਕਿਲਾਂ ਨੂੰ ਉੱਚ ਸਤਰ ਤੇ ਮਿਆਰਬੰਦ ਕਰਨਾ** – ਜਿਸਦਾ ਨਤੀਜਾ ਰੋਜ਼ਗਾਰਦਾਤਾਵਾਂ ਅਤੇ ਸਮੇਂ ਦੀ ਲੰਬੀ ਮਿਆਦ ਦੌਰਾਨ ਬੀ.ਸੀ. ਦੀ ਅਰਥ ਵਿਵਸਥਾ ਲਈ ਉਤਪਾਦਕਤਾ ਨੂੰ ਵਧਾਉਂਦੇ ਹੋਏ, ਕਰੀਅਰ ਵਿੱਚ ਵਾਧੇ ਦੇ ਮੌਕੇ ਅਤੇ ਬਦਲ ਰਹੀਆਂ ਲੇਬਰ ਲੋੜਾਂ ਦੇ ਅਨੁਕੂਲ ਬਣਾਉਣ ਲਈ ਲੋੜੀਂਦੇ ਹੁਨਰ ਹੈ।
- **"ਰੋਜ਼ਗਾਰ ਦੇ ਮੈਦਾਨ ਨੂੰ ਬਰਾਬਰ ਬਣਾ ਕੇ" ਸਕਿਲਡ ਟ੍ਰੇਡ ਕਰੀਅਰਾਂ ਵਿੱਚ ਘੱਟ-ਨੁਮਾਇੰਦਗੀ ਵਾਲੇ ਅਤੇ ਬਰਾਬਰੀ ਭਾਲ ਰਹੇ ਸਮੂਹਾਂ ਲਈ ਮੌਕਿਆਂ ਨੂੰ ਵਧਾਉਣਾ** – ਅਜਿਹੇ ਕਾਮਿਆਂ ਲਈ ਮਾਨਤਾ ਪ੍ਰਾਪਤ, ਪੋਰਟੇਬਲ ਕ੍ਰੀਡੈਂਸ਼ੀਅਲ ਮੁਹੱਈਆ ਕਰਨਾ ਜਿੰਨ੍ਹਾਂ ਕੋਲ ਮੌਜੂਦਾ ਸਮੇਂ ਤੇ ਉਨ੍ਹਾਂ ਦੇ ਹੁਨਰਾਂ ਦੀ ਰਸਮੀ ਤੌਰ ਤੇ ਮਾਨਤਾ ਕੀਤੇ ਜਾਣ ਤੋਂ ਬਿਨਾਂ ਕਰੀਅਰ ਨੂੰ ਅਗੇ ਵਧਾਉਣ ਲਈ ਘੱਟ ਮੌਕੇ ਹੁੰਦੇ ਹਨ।
- **ਟ੍ਰੇਡਾਂ ਦੀ ਪ੍ਰਤਿਸ਼ਠਾ ਨੂੰ ਵਧਾਉਣਾ**– ਟ੍ਰੇਡਾਂ ਦੇ ਚੰਗਾ ਭੁਗਤਾਨ ਕਰਨ ਅਤੇ ਪੋਸਟ-ਸੈਕੰਡਰੀ ਕ੍ਰੀਡੈਂਸ਼ੀਅਲਲਿੰਗ ਦੀ ਲੋੜ ਵਾਲੇ ਹੋਰ ਪੇਸ਼ਿਆਂ ਦੇ ਨਾਲ ਬਰਾਬਰ ਹੋਣ ਦੀ ਧਾਰਨਾ ਨੂੰ ਸੁਧਾਰ ਕੇ ਹੋਰ ਨੌਜਵਾਨਾਂ ਨੂੰ ਰਿਟਾਇਰ ਹੋ ਰਹੇ ਕਾਮਿਆਂ ਦੀ ਜਗ੍ਹਾ ਲੈਣ ਲਈ ਟ੍ਰੇਡਾਂ ਵਿੱਚ ਦਾਖਲ ਹੋਣ ਲਈ ਉਤਸ਼ਾਹਿਤ ਕਰਨਾ।

# ਇਤਿਹਾਸ

2003 ਵਿੱਚ, ਬੀ.ਸੀ. ਸਰਕਾਰ ਨੇ ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ (ITA) ਸਥਪਿਤ ਕੀਤੀ ਅਤੇ ਟ੍ਰੇਡਾਂ ਦੇ ਇੱਕ ਗੈਰ-ਲਾਜ਼ਮੀ ਕ੍ਰੀਡੈਂਸ਼ੀਅਲਲਿੰਗ ਸਿਸਟਮ ਵਿੱਚ ਤਬਦੀਲ ਹੋ ਗਈ। ਇਸ ਨੇ 11 ਲਾਜ਼ਮੀ ਟ੍ਰੇਡਾਂ ਦੇ ਨਾਲ ਨਿਰਦਿਸ਼ਟ ਜਰਨੀਪਰਸਨ-ਤੋਂ-ਸਿਖਾਂਦਰੂ ਅਨੁਪਾਤਾਂ ਨੂੰ ਹਟਾ ਦਿੱਤਾ।

ਮੌਜੂਦਾ ਗੈਰ-ਲਾਜ਼ਮੀ ਸਿਸਟਮ ਹੇਠ, ITA ਲਗਭਗ 100 ਟ੍ਰੇਡ ਪ੍ਰੋਗਰਾਮਾਂ ਵਿੱਚ ਸਰਟੀਫੀਕੇਸ਼ਨ ਪੇਸ਼ ਕਰਦੀ ਹੈ, ਜਿਸ ਵਿੱਚ ਸਾਰੇ ਸੂਬੇ ਵਿੱਚ ਮਨੋਨੀਤ ਸਿਖਲਾਈ ਪ੍ਰਦਾਤਾਵਾਂ ਦੁਆਰਾ ਡਲਿਵਰ ਕੀਤੀ ਜਾਣ ਵਾਲੀ ਵਿੱਚ ਕੰਮ-ਅਧਾਰਤ ਅਤੇ ਕਲਾਸਰੂਮ ਸਿਖਲਾਈ ਦਾ ਮਿਸ਼ਰਣ ਸ਼ਾਮਲ ਹੈ। ਇੰਨ੍ਹਾਂ ਵਿੱਚੋਂ ਇੱਕਵੰਜਾ ਪ੍ਰੋਗਰਾਮ ਰਾਸ਼ਟਰੀ ਮਿਆਰ ਦੁਆਰਾ ਨਿਯੰਤ੍ਰਿਤ ਰੇਡ ਸੀਲ ਟ੍ਰੇਡ ਹਨ ਅਤੇ ਉਨ੍ਹਾਂ ਦਾ ਨਤੀਜਾ ਰਾਸ਼ਟਰੀ ਤੌਰ ਤੇ ਮਾਨਤਾ ਪ੍ਰਾਪਤ ਰੇਡ ਸੀਲ ਕ੍ਰੀਡੈਂਸ਼ੀਅਲ ਹੁੰਦਾ ਹੈ। ਬਾਕੀ ਦੇ ਟ੍ਰੇਡ ਪ੍ਰੋਗਰਾਮ ਸੂਬਾਈ ਮਿਆਰ ਦੀ ਪਾਲਣਾ ਕਰਦੇ ਹਨ ਅਤੇ ਉਨ੍ਹਾਂ ਨੂੰ ਆਮਤੌਰ ਤੇ ਉਦਯੋਗ ਦੀ ਬੇਨਤੀ ਤੇ ਤਿਆਰ ਕੀਤਾ ਜਾਂਦਾ ਹੈ, ਅਕਸਰ ਸੈਕਟਰ ਜਾਂ ਉਦਯੋਗ ਲਈ ਖਾਸ ਸਿਖਲਾਈ ਸੰਬੰਧੀ ਲੋੜਾਂ ਦਾ ਸਮਰਥਨ ਕਰਨ ਲਈ ਜਿਵੇਂ ਕਿ ਨਵਿਆਉਣਯੋਗ ਊਰਜਾ, ਸਮੁੰਦਰੀ ਜ਼ਹਾਜ਼ਾਂ ਦਾ ਨਿਰਮਾਣ ਜਾਂ ਉਭਰ ਰਹੇ ਸੈਕਟਰਾਂ ਤੋਂ ਉਤਪੰਨ ਹੋਣ ਵਾਲੇ ਹੋਰ ਕਿੱਤੇ।

ਅਕਤੂਬਰ 2019 ਵਿੱਚ, ਸਕਿਲਡ ਟ੍ਰੇਡ ਸਰਟੀਫਿਕੇਸ਼ਨ ਤੋਂ ਲਾਭ ਪ੍ਰਾਪਤ ਕਰਨ ਵਾਲੇ ਟ੍ਰੇਡਾਂ ਲਈ ਸਿਫਾਰਸ਼ਾਂ ਮੁਹੱਈਆ ਕਰਨ ਲਈ ਸਟੇਕਹੋਲਡਰ ਅਡਵਾਈਜ਼ਰੀ ਵਰਕਿੰਗ ਗਰੁੱਪ ਸਥਾਪਿਤ ਕੀਤਾ ਗਿਆ ਸੀ। ਹੁਣ ਅਸੀਂ ਜਨਤਾ, ਟ੍ਰੇਡ ਵਰਕਰਾਂ ਅਤੇ ਉਦਯੋਗਿਕ ਮਾਹਰਾਂ ਨੂੰ ਇਸ ਬਾਰੇ ਇਨਪੁੱਟ ਮੁਹੱਈਆ ਕਰਨ ਲਈ ਕਹਿ ਰਹੇ ਹਾਂ ਹੈ ਕਿ 10 ਟ੍ਰੇਡਾਂ ਲਈ ਸਕਿਲਡ ਟ੍ਰੇਡ ਸਰਟੀਫਿਕੇਸ਼ਨ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਸ਼ੁਰੂ ਕੀਤਾ ਜਾਵੇ। ਇਹ ਕੰਮ ਮੌਜੂਦਾ ਸਮੇਂ ਤੇ ਪ੍ਰਭਾਵਿਤ ਟ੍ਰੇਡਾਂ ਵਿੱਚ ਕੰਮ ਕਰ ਰਹੇ ਲੋਕਾਂ ਅਤੇ ਉਨ੍ਹਾਂ ਲੋਕਾਂ ਦਾ ਸਮਰਥਨ ਕਰਨ ਲਈ ਹੈ ਜਿਹੜੇ ਭਵਿੱਖ ਵਿੱਚ ਇੰਨ੍ਹਾਂ ਕਰੀਅਰ ਪਥਾਂ ਤੇ ਚਲਣਗੇ।

## ਪਿਛੋਕੜ ਸੰਬੰਧੀ ਸਮੱਗਰੀ

ਅਸੀਂ ਜਾਣਦੇ ਹਾਂ ਕਿ ਟ੍ਰੇਡਾਂ ਵਾਸਤੇ ਸਰਟੀਫਿਕੇਸ਼ਨ ਸੰਬੰਧੀ ਲੋੜਾਂ ਦੀ ਸ਼ੁਰੂਆਤ ਦੇ ਕਾਮਿਆਂ ਅਤੇ ਕਾਰੋਬਾਰਾਂ ਤੇ ਵਿਆਪਕ ਪ੍ਰਭਾਵ ਹੁੰਦੇ ਹਨ। ਇਸ ਕਰਕੇ ਅਸੀਂ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਲਾਗੂ ਕਰਨ ਦੇ ਮੌਕਿਆਂ ਅਤੇ ਪ੍ਰਭਾਵਾਂ ਦੀ ਪੂਰੀ ਤਰ੍ਹਾਂ ਪੜਤਾਲ ਕਰਨ ਲਈ ਗਹਨ, ਪ੍ਰਮਾਣਾਂ ਤੇ ਅਧਾਰਤ ਪਹੁੰਚ ਦੀ ਵਰਤੋਂ ਕੀਤੀ।

ਅਸੀਂ 16 ਮੈਂਬਰਾਂ ਦੀ ਬਣੀ ਵੱਖ ਵੱਖ ਵਿਚਾਰਾਂ ਅਤੇ ਮਹਾਰਤਾਂ ਦੀ ਨੁਮਾਇੰਦਗੀ ਕਰਦੇ ਹੋਏ ਉਦਯੋਗ ਦੀ ਅਗਵਾਈ ਵਾਲੀ ਸਟੇਕਹੋਲਡਰ ਅਡਵਾਈਜ਼ਰੀ ਵਰਕਿੰਗ ਗਰੁੱਪ ਦੇ ਨਾਲ ਕੰਮ ਕੀਤਾ ਜਿਸ ਵਿੱਚ ਸ਼ਾਮਲ ਹਨ: ਉਦਯੋਗਿਕ ਅਸੋਸੀਏਸ਼ਨਾਂ; ਲੇਬਰ; ਪੋਸਟ-ਸੈਕੰਡਰੀ ਸੰਸਥਾਵਾਂ; ਇੰਡਿਜਨਸ ਸਕਿਲ ਟ੍ਰੇਨਰ; ਅਤੇ ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ।

ਇਸ ਪਹੁੰਚ ਦੇ ਨਤੀਜਿਆਂ ਦਾ ਸਾਰ ਉਸ ਬਿਜ਼ਨਸ ਕੇਸ ਵਿੱਚ ਦਿੱਤਾ ਗਿਆ ਸੀ ਜਿਹੜੀ ਕਾਰੋਬਾਰਾਂ, ਆਰਥਿਕ, ਵਰਕਰਾਂ ਅਤੇ ਜਨਤਾ ਤੇ ਸੰਭਾਵੀ ਸਮਾਜਿਕ ਅਤੇ ਆਰਥਿਕ ਪ੍ਰਭਾਵਾਂ ਤੇ (ਪ੍ਰਾਇਸ ਵਾਟਰਹਾਉਸ ਕੂਪਰ) ਅਤੇ ਸਮੁੱਚੇ ਟ੍ਰੇਡ ਕਾਰਜਬਲ ਹੁਨਰਾਂ ਨੂੰ ਸੁਧਾਰਨ ਦੀ ਲੋੜ ਦਾ ਸਮਰਥਨ ਕਰਨ ਲਈ ਕੀ ਪ੍ਰਮਾਣਿਤ ਕਾਮਿਆਂ ਕੋਲ ਅਪ੍ਰਮਾਣਿਤ ਕਾਮਿਆਂ ਨਾਲੋਂ ਹੁਨਰ ਦੇ ਵੱਧ ਉੱਚੇ ਸਤਰ ਹਨ (BCIT) ਦੁਆਰਾ ਦੋ ਗਹਨ ਖੋਜ ਅਧਿਐਨਾਂ ਦੁਆਰਾ ਸੂਚਿਤ ਕੀਤੀ ਗਈ ਸੀ।

### ਰਿਪੋਰਟਾਂ:

- ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਬਿਜ਼ਨਸ ਕੇਸ
- ਬੀਸੀ ਵਿੱਚ ਟ੍ਰੇਡ ਸਕਿਲਾਂ ਤੇ ਸਰਟੀਫਿਕੇਸ਼ਨ ਦਾ ਪ੍ਰਭਾਵ (BCIT)
- ਬੀਸੀ ਵਿੱਚ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਦਾ ਪ੍ਰਭਾਵ (ਪ੍ਰਾਇਸ ਵਾਟਰਹਾਉਸ ਕੂਪਰ)

# ਸ਼ਮੂਲੀਅਤ ਲੀਡਾਂ



## ਐਂਡਰੂ ਮਰਸੀਏ

ਪਾਰਲੀਮੈਂਟਰੀ ਸੈਕਟਰੀ ਫੌਰ ਸਕਿਲਜ਼ ਟ੍ਰੇਨਿੰਗ ਵਜੋਂ, ਐਂਡਰੂ ਮਰਸੀਏ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਲਾਗੂ ਕੀਤਾ ਜਾਵੇ ਬਾਰੇ ਜਨਤਕ ਸ਼ਮੂਲੀਅਤ ਦੀ ਅਗਵਾਈ ਕਰਨਗੇ।

ਉਹ 2020 ਵਿੱਚ ਲੈਂਗਲੀ ਲਈ MLA ਚੁਣੇ ਗਏ ਸੀ ਅਤੇ ਇੱਕ ਲੇਬਰ ਵਕੀਲ ਅਤੇ ਲੈਂਗਲੀ ਕਮਿਊਨਿਟੀ ਦੇ ਸਕ੍ਰਿਅ ਮੈਂਬਰ ਹਨ।

ਲੈਜਿਸਲੇਟਿਵ ਅਸੈਂਬਲੀ ਵਿੱਚ ਉਨ੍ਹਾਂ ਦੀ ਚੋਣ ਤੋਂ ਪਹਿਲਾਂ, ਐਂਡਰੂ ਨੇ ਟੀਮਸਟਰਜ਼ ਲੋਕਲ ਯੂਨੀਅਨ ਨੰਬਰ 213 ਲਈ ਲੀਗਲ ਕਾਊਂਸਲ ਵਜੋਂ ਕੰਮ ਕੀਤਾ ਅਤੇ ਬੀਸੀ ਬਿਲਡਿੰਗ ਟ੍ਰੇਡਜ਼ ਕਾਊਂਸਲ ਦੇ ਕਾਰਜਕਾਰੀ ਡਾਇਰੈਕਟਰ ਵਜੋਂ ਕੰਮ ਕੀਤਾ, ਜਿਥੇ ਉਨ੍ਹਾਂ ਨੇ ਕੰਸਟ੍ਰਕਸ਼ਨ ਸਾਈਟਾਂ ਲਈ ਸੁਧਰੀਆਂ ਹੋਈਆਂ ਸੁਰੱਖਿਆ ਮਿਆਰਾਂ ਲਈ ਹਿਮਾਇਤ ਕੀਤੀ।

ਉਨ੍ਹਾਂ ਨੇ ਯੂਨੀਵਰਸਿਟੀ ਔਫ ਦ ਫ੍ਰੇਜ਼ਰ ਵੈਲੀ ਬੋਰਡ ਔਫ ਗਵਰਨਰਜ਼, ਅਤੇ ਸਿਟੀ ਔਫ ਲੈਂਗਲੀ ਦੇ ਕ੍ਰਾਇਮ ਪ੍ਰੀਵੈਨਸ਼ਨ ਗਰੁੱਪ ਤੇ ਆਪਣੇ ਭਾਈਚਾਰੇ ਦੀ ਸੇਵਾ ਕੀਤੀ ਹੈ।

ਐਂਡਰੂ ਦਾ ਪਾਲਣ ਪੋਸ਼ਣ ਲੈਂਗਲੀ ਵਿੱਚ ਕੀਤਾ ਗਿਆ, ਜਿਥੇ ਉਹ ਆਪਣੀ ਪਤਨੀ ਅਤੇ ਛੋਟੀ ਬੇਟੀ ਦੇ ਨਾਲ ਰਹਿੰਦੇ ਹਨ।

---



## ਸ਼ੈਲੀ ਗ੍ਰੇ

ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ (ITA) (itabc.ca) ਦੀ ਮੁੱਖ ਕਾਰਜਕਾਰੀ ਅਫਸਰ ਵਜੋਂ, ਸ਼ੈਲੀ ਸੰਗਠਨ ਦੇ ਨਾਲ ਉਦਯੋਗ ਵਿੱਚ ਨਿਰਪੇਖਤਾ, ਵਿਵਿਧਤਾ ਅਤੇ ਸਮਾਵੇਸ਼ ਦੇ ਸਭਿਆਚਾਰ ਨੂੰ ਵਧਾਉਣ ਪ੍ਰਤੀ ਵਚਨਬੱਧ ਹੈ। ਉਹ ITA ਦੀ ਮਿਸ਼ਨ ਅਤੇ ਸੁਪਨੇ ਬਾਰੇ ਜੁਸ਼ੀਲੀ ਹੈ ਅਤੇ ਸੰਗਠਨ ਦੇ ਉਸ ਸਭਿਆਚਾਰਕ ਪਰਿਵਰਤਨ ਦੀ ਅਗਵਾਈ ਕਰਨ ਦੇ ਅਧਿਅਦੇਸ਼ ਦੁਆਰਾ ਨਿਹਾਇਤ ਪ੍ਰੇਰਿਤ ਜਿਸਦੀ ਲੋੜ ਬ੍ਰਿਟਿਸ਼ ਕੋਲੰਬੀਆ ਲਈ ਸਕਿਲਡ ਟ੍ਰੇਡਜ਼ ਅਤੇ ਸਿਖਲਾਈ ਸੰਬੰਧੀ ਪ੍ਰਣਾਲੀ ਨੂੰ ਉਭਾਰਨ ਲਈ ਹੈ।

ਉਨ੍ਹਾਂ ਨੇ ਔਰਤਾਂ ਅਤੇ ਇੰਡਿਜਨਸ ਲੋਕਾਂ ਲਈ ਕਮਿਊਨਿਟੀ ਪਹਿਲਾਂ ਨੂੰ ਸੁਧਾਰਨ ਪ੍ਰਤੀ ਆਪਣੀ ਵਚਨਬੱਧਤਾ ਦੇ ਨਾਲ ਪ੍ਰਭਾਵ ਪਾਇਆ ਹੈ। ਸ਼ੈਲੀ ਨੇ ਸਕਿਲਡ ਟ੍ਰੇਡਜ਼ ਵਿੱਚ ਔਰਤਾਂ ਦੀ ਨੁਮਾਇੰਦਗੀ ਨੂੰ ਵਧਾਉਣ ਲਈ ITA ਦਾ ਵਭਿੰਨ ਇਨ ਟ੍ਰੇਡ ਵਿਭਾਗ ਬਣਾਇਆ, ਜੋ ਨਿਰਪੇਖਤਾ ਭਾਲਣ ਵਾਲੇ ਸਾਰੇ ਸਮੂਹਾਂ ਦਾ ਸਮਰਥਨ ਕਰਨ ਲਈ ਇਕੁਇਟੀ ਅਤੇ ਏਨਗੇਜਮੈਂਟ ਵਿਭਾਗ ਵਿੱਚ ਵਿਕਸਤ ਹੋ ਗਿਆ ਹੈ।

## ਪ੍ਰਕਿਰਿਆ

ਮਨਿਸਟਰੀ ਔਫ ਅਡਵਾਂਸਡ ਐਜੁਕੇਸ਼ਨ ਐਂਡ ਸਕਿਲਜ਼ ਟ੍ਰੇਨਿੰਗ ਸਮਝਣਾ ਚਾਹੁੰਦੀ ਹੈ ਕਿ 10 ਚੁਣੇ ਗਏ ਟ੍ਰੇਡਾਂ ਦੇ ਲਈ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਨੂੰ ਸਭ ਤੋਂ ਵਧੀਆ ਢੰਗ ਨਾਲ ਕਿਵੇਂ ਲਾਗੂ ਕੀਤਾ ਜਾਵੇ। ਅਸੀਂ ਉਨ੍ਹਾਂ ਲੋਕਾਂ ਤੋਂ ਸੁਣਨਾ ਚਾਹੁੰਦੇ ਹਾਂ ਜੋ ਪ੍ਰਭਾਵਿਤ ਹੋਣਗੇ। ਇਸ ਕਰਕੇ ਅਸੀਂ 2021 ਦੀ ਬਸੰਤ ਅਤੇ ਗਰਮੀ ਵਿੱਚ ਸਾਰੇ ਸੂਬੇ ਵਿੱਚ ਸ਼ਮੂਲੀਅਤ ਦੇ ਅਵਸਰਾਂ ਦੀ ਮੇਜ਼ਬਾਨੀ ਦੀ ਯੋਜਨਾਬੰਦੀ ਕਰ ਰਹੇ ਹਾਂ - ਬਿਹਤਰ ਢੰਗ ਨਾਲ ਇਹ ਸਮਝਣ ਲਈ ਕਿ ਇਸ ਤਬਦੀਲੀ ਦੌਰਾਨ ਬ੍ਰਿਟਿਸ਼ ਕੋਲੰਬੀਅਨਾਂ ਦੀ ਸਭ ਤੋਂ ਵਧੀਆ ਢੰਗ ਨਾਲ ਸਹਾਇਤਾ ਕਿਵੇਂ ਕੀਤੀ ਜਾਵੇ।

ਅਸੀਂ ਸਿਖਾਂਦਰੂਆਂ, ਟ੍ਰੇਡ ਵਰਕਰਾਂ, ਛੋਟੇ ਤੋਂ ਵੱਡੇ ਰੋਜ਼ਗਾਰਦਾਤਾਵਾਂ, ਯੂਨੀਅਨਾਂ, ਅਤੇ ਇੰਡਿਜਨਸ ਪਾਰਟਨਰਾਂ, ਦੇ ਨਾਲ ਅਜਿਹੇ ਲੋਕਾਂ ਦੇ ਨਾਲ ਮਸ਼ਵਰਾ ਕਰਾਂਗੇ ਜੋ ਔਰਤਾਂ, ਨਵੇਂ ਕਨੇਡੀਅਨਾਂ ਅਤੇ ਅਜਿਹੇ ਹੋਰ ਸਮੂਹਾਂ ਦੀ ਵਜੋਂ ਆਪਣੇ ਤਜਰਬੇ ਸਾਂਝੇ ਕਰ ਸਕਦੇ ਹਨ ਜਿਹੜੇ ਟ੍ਰੇਡਜ਼ ਕਾਰਜਬਲ ਨੂੰ ਵਧਾਉਣ ਲਈ ਅਹਿਮ ਹਨ। ਇਹ ਸੰਵਾਦ ਪੇਂਡੂ ਅਤੇ ਸ਼ਹਿਰੀ ਦੋਵੇਂ ਭਾਈਚਾਰਿਆਂ ਲਈ ਨੁਮਾਇੰਦਗੀ ਨੂੰ ਯਕੀਨੀ ਬਣਾਉਣਗੇ।

### ਕਿਸ ਕਿਸਮ ਦੇ ਵਿਸ਼ਿਆਂ ਬਾਰੇ ਚਰਚਾ ਕੀਤੀ ਜਾ ਸਕਦੀ ਹੈ?

- ਸੰਭਾਵੀ ਪ੍ਰਭਾਵਾਂ, ਰੁਕਾਵਟਾਂ ਅਤੇ ਚੁਣੌਤੀਆਂ ਜਿੰਨ੍ਹਾਂ ਦਾ ਸਾਮ੍ਹਣਾ ਕਾਮੇ ਅਤੇ ਕਾਰੋਬਾਰ ਸਕਿਲਡ ਟ੍ਰੇਡਜ਼ ਵਾਤਾਵਰਨ ਵਿੱਚ ਕਰ ਸਕਦੇ ਹਨ
- ਇੰਨ੍ਹਾਂ ਚੁਣੌਤੀਆਂ ਨੂੰ ਸੰਬੋਧਿਤ ਕਰਨ ਦੇ ਢੰਗ ਅਤੇ ਤਬਦੀਲੀ ਦੌਰਾਨ ਕਾਮਿਆਂ ਅਤੇ ਕਾਰੋਬਾਰਾਂ ਲਈ ਸੰਭਾਵੀ ਸਹਾਇਤਾਵਾਂ
- ਕਲਾਸਰੂਮ ਜਾਂ ਰਿਮੋਟ ਲਰਨਿੰਗ, ਸਰਟੀਫਿਕੇਸ਼ਨ ਪਰੀਖਿਆਵਾਂ ਲਿੱਖਣ, ਸਿਖਲਾਈ ਸੰਬੰਧੀ ਟ੍ਰੇਨਿੰਗ ਪੂਰੀ ਕਰਨ ਅਤੇ ਗੁਣਵੱਤਾ ਵਾਲੀ ਮੈਂਟਰਸ਼ਿਪ ਪ੍ਰਾਪਤ ਕਰਨ/ਮੁਹੱਈਆ ਕਰਨ ਤੱਕ ਪਹੁੰਚ
- ਇਲੈਕਟ੍ਰੀਕਲ, ਮਕੈਨੀਕਲ ਅਤੇ ਆਟੋਮੋਟਿਵ ਟ੍ਰੇਡਾਂ ਨਾਲ ਸੰਬੰਧਤ ਖਾਸ ਸਵਾਲ
- ਹੋਰ ਸਿਖਾਂਦਰੂਆਂ ਦੇ ਉਨ੍ਹਾਂ ਦੇ ਸਿਖਲਾਈ ਪੂਰੀ ਕਰਨ ਦੇ ਕਾਬਲ ਹੋਣ ਲਈ ਲੋੜਾਂ ਦਾ ਸਮਰਥਨ ਕਰਨਾ

### ਸ਼ਮੂਲੀਅਤ

ਸ਼ਮੂਲੀਅਤ 2021 ਦੀ ਬਸੰਤ ਅਤੇ ਗਰਮੀ ਵਿੱਚ ਹੋਵੇਗੀ, ਅਤੇ ਉਸ ਵਿੱਚ ਹੇਠਾਂ ਦਿੱਤੇ ਅਵਸਰ ਸ਼ਾਮਲ ਹੋਣਗੇ:

- ਔਨਲਾਈਨ ਸਰਵੇਖਣ
- ਵਰਚੁਅਲ ਕਮਿਊਨਿਟੀ ਸੰਵਾਦ ਅਤੇ ਰਾਊਂਡਟੇਬਲ
- ਮਨਿਸਟਰੀ ਔਫ ਅਡਵਾਂਸਡ ਐਜੁਕੇਸ਼ਨ ਐਂਡ ਸਕਿਲਜ਼ ਟ੍ਰੇਨਿੰਗ ਲੀਡਰਸ਼ਿਪ ਅਤੇ ਮੁੱਖ ਹਿੱਸੇਦਾਰਾਂ ਦੇ ਨਾਲ ਕੇਂਦਰਿਤ ਚਰਚਾਵਾਂ

ਇਸ ਸ਼ਮੂਲੀਅਤ ਤੋਂ ਅਲਗ, ਇੰਡਸਟ੍ਰੀ ਟ੍ਰੇਨਿੰਗ ਅਥਾਰਿਟੀ ਇਹ ਯਕੀਨੀ ਬਣਾਉਣ ਲਈ ਕਿ ਅਨੁਪਾਤਾਂ ਦੀ ਨਿਰਪੱਖ ਅਤੇ ਪਾਰਦਰਸ਼ੀ ਨੀਤੀ ਨੂੰ ਬਣਾਉਣ ਵਿੱਚ ਰੋਜ਼ਗਾਰਦਾਤਾਵਾਂ ਦੀ ਆਵਾਜ਼ ਸ਼ਾਮਲ ਹੈ, ਕਾਨੂੰਨ ਸਮੇਤ, ਲਾਗੂ ਕਰਨ ਦੇ ਅਗਲੇ ਕਦਮਾਂ ਨੂੰ ਸੂਚਿਤ ਕਰਨ ਲਈ ਉਦਯੋਗ ਦੇ ਹਿੱਸੇਦਾਰਾਂ ਦੇ ਨਾਲ ਮਸ਼ਵਰਾ ਕਰੇਗੀ।

### ਅਗੇ ਕੀ ਹੈ?

ਔਨਲਾਈਨ ਸਰਵੇਖਣ ਅਤੇ ਲਾਈਵ ਸੈਸ਼ਨਾਂ ਤੋਂ ਫੀਡਬੈਕ ਸਰਕਾਰ ਨੂੰ ਇੰਨ੍ਹਾਂ 10 ਟ੍ਰੇਡਾਂ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਤੱਕ  ਸਫਲਤਾਪੂਰਕ ਤਬਦੀਲੀ ਕਰਨ ਵਿੱਚ ਸਹਾਇਤਾ ਕਰਨ ਲਈ ਸਹੀ ਸਮਰਥਨਾਂ ਅਤੇ ਸੇਵਾਵਾਂ ਨੂੰ ਰੂਪ ਦੇਣ ਵਿੱਚ ਮਦਦ ਕਰੇਗੀ। ਜਨਤਕ ਸ਼ਮੂਲੀਅਤ ਸੈਸ਼ਨਾਂ ਤੋਂ ਬਾਅਦ ਸਾਰੀ ਫੀਡਬੈਕ ਦਾ ਸਾਰ ਇਸ ਵੈੱਬਸਾਈਟ ਤੇ ਉਪਲਬਧ ਹੋਵੇਗਾ।

# ਸ਼ਾਮਲ ਹੋਵੋ

## ਔਨਲਾਈਨ ਸਰਵੇਖਣ

ਅਸੀਂ ਚਾਹੁੰਦੇ ਹਾਂ ਕਿ ਇਹ ਤਬਦੀਲੀ ਹਰ ਕਿਸੇ ਲਈ ਸਕਾਰਾਤਮਕ ਹੋਵੇ ਅਤੇ ਸਾਰੇ ਬੀ.ਸੀ. ਨਿਵਾਸੀਆਂ ਨੂੰ ਸਰਵੇਖਣ ਪੂਰਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

**ਅਸੀਂ ਵਿਅਕਤੀਆਂ ਅਤੇ ਰੋਜ਼ਗਾਰਦਾਤਾਵਾਂ ਦੀਆਂ ਲੋੜਾਂ ਬਾਰੇ ਇਨਪੁੱਟ ਦੀ ਮੰਗ ਕਰ ਰਹੇ ਹਾਂ ਤਾਂਕਿ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਸਾਰਿਆਂ ਲਈ ਸਮਾਵੇਸ਼ੀ ਅਤੇ ਸਹਾਇਕ ਹੁੰਦੀ ਹੈ। ਇਹ ਫੀਡਬੈਕ ਲੋਕਾਂ ਨੂੰ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਵਾਤਾਵਰਨ ਤੱਕ ਤਬਦੀਲੀ ਵਿੱਚ ਸਹਾਇਤਾ ਕਰਨ ਲਈ ਮੁਹੱਈਆ ਕੀਤੇ ਗਏ ਸਹਾਰਿਆਂ ਨੂੰ ਸੂਚਿਤ ਕਰੇਗੀ।**

ਔਨਲਾਈਨ ਸਰਵੇਖਣ **11 ਜੂਨ ਤੋਂ 17 ਸਤੰਬਰ, 2021 ਨੂੰ ਸ਼ਾਮ 4 ਵਜੇ PT** ਤੱਕ ਖੁੱਲਾ ਹੋਵੇਗਾ।

ਸਰਵੇਖਣ ਦੀਆਂ ਕਾਪੀਆਂ ਨੂੰ ਕਿਰਪਾ ਕਰਕੇ ਇਥੇ ਈਮੇਲ ਕਰੋ: AEST.Skilled.Trades@gov.bc.ca ਜਾਂ ਕਾਗਜ਼ੀ ਕਾਪੀਆਂ ਡਾਕ ਰਾਹੀਂ ਇਥੇ ਭੇਜੋ:

Citizen Engagement,
PO Box 9484, STN PROV GOVT
Victoria BC, V8W 9W6

## ਕਮਿਊਨਿਟੀ ਸੰਵਾਦ ਅਤੇ ਰਾਊਂਡਟੇਬਲ

ਇਸ ਗਰਮੀ ਵਿੱਚ ਸ਼ੁਰੂਆਤ ਕਰਕੇ, ਸਾਰੇ ਸੂਬੇ ਵਿੱਚ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਬਾਰੇ ਸ਼ਮੂਲੀਅਤ ਦੇ ਕਈ ਸਾਰੇ ਮੌਕਿਆਂ ਦਾ ਆਯੋਜਨ ਕੀਤਾ ਜਾਵੇਗਾ। ਇੰਨ੍ਹਾਂ ਮੌਕਿਆਂ ਵਿੱਚ ਟ੍ਰੇਡ ਸੰਬੰਧੀ ਮਾਹਰਾਂ ਦੇ ਪੈਨਲ ਦੁਆਰਾ ਅਗਵਾਈ ਹੇਠ ਜਨਤਕ ਰਾਊਂਡਟੇਬਲ ਚਰਚਾਵਾਂ ਤੋਂ ਬਾਅਦ, ਇੰਡਿਜਨਸ ਫੋਕਸ ਵਾਲੇ ਕਮਿਊਨਿਟੀ ਸੰਵਾਦਾਂ ਦੀ ਲੜੀ ਸ਼ਾਮਲ ਹੋਵੇਗੀ।

ਇੰਨ੍ਹਾਂ ਸੈਸ਼ਨਾਂ ਦੀ ਮੇਜ਼ਬਾਨੀ ਤੀਜੇ ਧਿਰ ਦੇ ਫਸਿਲੀਟੇਟਰਾਂ ਦੁਆਰਾ ਵਰਚੁਅਲ ਤੌਰ ਤੇ ਕੀਤੀ ਜਾਵੇਗੀ ਅਤੇ ਇੰਨ੍ਹਾਂ ਨੂੰ ਉਹ ਵਿਚਾਰ ਅਤੇ ਖਿਆਲ ਮੰਗਣ ਲਈ ਬਣਾਇਆ ਗਿਆ ਹੈ ਜਿਹੜੇ ਸਕਿਲਡ ਟ੍ਰੇਡਜ਼ ਸਰਟੀਫਿਕੇਸ਼ਨ ਤੱਕ ਤਬਦੀਲੀ ਦੌਰਾਨ ਸਰਕਾਰ ਨੂੰ ਵਿਵਿਧ ਲੋੜਾਂ ਅਤੇ ਸਿਖਾਂਦਰੂਆਂ, ਕਾਮਿਆਂ ਅਤੇ ਰੋਜ਼ਗਾਰਦਾਤਾਵਾਂ ਦੇ ਦ੍ਰਿਸ਼ਟੀਕੋਣਾਂ ਨੂੰ ਬਿਹਤਰ ਢੰਗ ਨਾਲ ਸਮਝਣ ਅਤੇ ਉਨ੍ਹਾਂ ਦਾ ਜਵਾਬ ਦੇਣ ਵਿੱਚ ਸਹਾਇਤਾ ਕਰਨਗੇ।

ਅਸੀਂ ਖਾਸ ਕਰਕੇ ਨੌਜਵਾਨਾਂ, ਇੰਡਿਜਨਸ ਲੋਕਾਂ, ਵਡੇਰੀ ਉਮਰ ਦੇ ਕਾਮਿਆਂ, ਪ੍ਰਵਾਸੀਆਂ ਅਤੇ ਟ੍ਰੇਡਾਂ ਵਿੱਚ ਘੱਟ ਨੁਮਾਇੰਦਗੀ ਵਾਲੇ ਹੋਰ ਲੋਕਾਂ ਕੋਲੋਂ ਸੁਣਨਾ ਚਾਹੁੰਦੇ ਹਾਂ। ਰਾਊਂਡਟੇਬਲਾਂ ਲਈ ਸ਼ਮੂਲੀਅਤ ਸੈਸ਼ਨ ਜੁਲਾਈ ਦੇ ਪੂਰੇ ਮਹੀਨੇ ਦੌਰਾਨ ਸ਼ਾਮਾਂ ਨੂੰ ਆਯੋਜਿਤ ਕੀਤਾ ਜਾਣਗੇ ਅਤੇ ਲਗਭਗ ਦੋ ਘੰਟੇ ਲੰਬੇ ਹੋਏਗੇ।

ਇੰਡਿਜਨਸ ਫੋਕਸ ਵਾਲੇ ਕਮਿਊਨਿਟੀ ਸੰਵਾਦ ਸੈਸ਼ਨਾਂ ਨੂੰ ਮੱਧ-ਜੁਲਾਈ ਅਤੇ ਸਤੰਬਰ ਲਈ ਤੈਅ ਕੀਤਾ ਜਾ ਰਿਹਾ ਹੈ।

ਜੇ ਤੁਸੀਂ ਰਾਊਂਡਟੇਬਲ ਭਾਗੀਦਾਰ ਹੋਣ ਲਈ ਰਜਿਸਟਰ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ, engage.gov.bc.ca/skilledtrades ਤੇ ਰਜਿਸਟਰ ਕਰੋ।